www.a2zpapers.com

Roll No. ..................

002/A (81)

Total No. of Questions : 9] [Total No. of Printed Pages : 3

**SS**

**2036**

ਸਲਾਨਾ ਪਰੀਖਿਆ ਪ੍ਰਨਾਲੀ

# GENERAL PANJABI

**(Common for All Groups and Voc. Stream)**

**(Evening Session)**

Time allowed : Three hours Maximum marks : 50

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002/A** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ, ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

**1.** ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰੇਕ ਪ੍ਰਸ਼ਨ ½ ਅੰਕ ਦਾ ਹੈ ।

(ੳ) ਡਾ. ਬਰਿੰਦਰ ਕੌਰ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪਾਠ ਪੁਸਤਕ ਵਿੱਚ ਸ਼ਾਮਲ ਕੀਤੀ ਗਈ ਹੈ ?

(ਅ) 'ਪੰਜਾਬ ਦੇ ਲੋਕ-ਨਾਚ' ਪਾਠ ਦਾ ਲੇਖਕ ਕੌਣ ਹੈ ?

(ੲ) ਦੱਸੋ ਇਹ ਕਥਨ ਠੀਕ ਹੈ ਕਿ ਗਲਤ :

'ਸਭਯ ਦਾ ਸ਼ਾਬਦਿਕ ਅਰਥ ਨਿਯਮ-ਬੱਧਤਾ ਹੈ ।'

(ਸ) ਮਾਘੀ ਦਾ ਮੇਲਾ ਕਿੱਥੇ ਲੱਗਦਾ ਹੈ ?

(i) ਪਟਿਆਲਾ (ii) ਮੁਕਤਸਰ (iii) ਛਪਾਰ (iv) ਆਨੰਦਪੁਰ ਸਾਹਿਬ

(ਹ) ਖ਼ਾਲੀ ਸਥਾਨ ਭਰੋ :

ਗੁਰੂ ਗੋਬਿੰਦ ਸਿੰਘ ਜੀ ਨੇ ਜਥੇਦਾਰ ਮਹਾਂ ਸਿੰਘ ਦੀ ਬੇਨਤੀ ਮੰਨ ਕੇ ____ ਪਾੜ ਦਿੱਤਾ ਅਤੇ ਉਹਨਾਂ ਨਾਲ਼ ਟੁੱਟੀ ਮੁੜ ਗੰਢੀ ।

(ਕ) ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ਼ ਜਾਣਿਆ ਜਾਂਦਾ ਸੀ ?

(ਖ) 'ਦੋਸਤਾਂ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

(ਗ) 'ਸਾਂਝ' ਕਹਾਣੀ ਦਾ ਮੁੱਖ ਪਾਤਰ ਕੌਣ ਹੈ ?

(ਘ) ਅਖਾਉਤ ਪੂਰੀ ਕਰੋ :

ਸੱਚੇ ਮਾਰਗ ਚੱਲਦਿਆਂ ........ ।

[Turn over



www.a2zpapers.com

www.a2zpapers.com



(ਙ) ਅਖਾਉਤ ਪੂਰੀ ਕਰੋ :

.........ਅੱਧਾ ਦੇਈਏ ਵੰਡ । 10×½=5

2. ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ ।

(ਅ) ਮੇਲਾ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੈ, ਦੱਸੋ ਕਿਵੇਂ ?

(ੲ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ ?

(ਸ) ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ, ਕਿਉਂ ?

(ਹ) ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ, ਬਾਰੇ ਖੋਲ੍ਹ ਕੇ ਚਾਨਣਾ ਪਾਓ ।

(ਕ) ਪੰਜਾਬ ਵਿੱਚ ਬਦਲਦੀਆਂ ਪਰਿਸਥਿਤੀਆਂ ਅਨੁਸਾਰ ਲੋਕ-ਨਾਚਾਂ ਵਿੱਚ ਆਏ ਬਦਲਾਅ ਬਾਰੇ ਜਾਣਕਾਰੀ ਦਿਓ ।

(ਖ) ਨਕਲਾਂ ਖੇਡਣ ਲਈ ਕਿਹੋ-ਜਿਹੇ ਪਿੜਾਂ ਦੀ ਵਰਤੋਂ ਕੀਤੀ ਜਾਂਦੀ ਹੈ ?

(ਗ) ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਆਈ ਤਬਦੀਲੀ ਬਾਰੇ ਚਾਨਣਾ ਪਾਓ ।

5×3=15

3. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ । ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ, ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ ਪ੍ਰਬੰਧਕ ਨੂੰ ਪੱਤਰ ਲਿਖੋ ।

ਜਾਂ

ਤੁਸੀਂ ਆਪਣੇ ਕਸਬੇ ਵਿੱਚ ਆਟਾ-ਚੱਕੀ ਲਾਈ ਹੋਈ ਹੈ । ਇਲਾਕਾ ਨਿਵਾਸੀਆਂ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਰਾਹੀਂ ਜਾਣਕਾਰੀ ਦਿੰਦੇ ਹੋਏ ਕਣਕ, ਦਾਲਾਂ ਤੇ ਹੋਰ ਅਨਾਜ ਆਦਿ ਪਿਹਾਉਣ, ਰੇਟ ਤੇ ਹੋਰ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਪੀਲ ਕਰੋ ।

1+3+1=5

4. ਹੇਠ ਲਿਖੇ ਪੈਰੇ ਦੀ ਸੰਖੇਪ-ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :

ਅੱਗ ਦੀ ਸੁਵਰਤੋਂ ਇਨਸਾਨ ਕਰਦੇ ਰਹੇ ਹਨ, ਜਿਸ ਦੀ ਪਰਤਾਪੀ ਸ਼ਕਤੀ ਕਾਰਨ ਹੀ ਅੱਗ ਨੂੰ ਅਗਨੀ ਦੇਵਤਾ ਕਿਹਾ ਹੈ । ਜਦਕਿ ਜਦ ਕਦੇ ਅੱਗ, ਰਾਖਸ਼ਾਂ, ਦੈਂਤਾਂ, ਬਘਿਆੜਾਂ, ਬਾਂਦਰਾਂ ਦੇ ਹੱਥ ਆਉਂਦੀ ਰਹੀ ਹੈ, ਇਹ ਜੰਗਲ ਬੇਲੇ, ਧਰਤੀ 'ਤੇ ਘੁੱਗ ਵਸਦੇ ਲੋਕਾਂ ਨੂੰ ਸਾੜਦੇ ਰਹੇ ਹਨ । ਐਟਮ-ਬੰਬ, ਬੰਦੂਕਾਂ, ਬੰਬਾਂ ਅਤੇ ਬਰੂਦਾਂ ਦੇ ਢੇਰਾਂ ਨੂੰ ਜ਼ਾਲਮ ਲੋਕ ਬਰਬਾਦੀ ਤੇ ਉਜਾੜੇ ਲਈ ਵਰਤਦੇ ਰਹੇ ਹਨ । ਜੰਗਾਂ ਕੌਣ ਲੜਦਾ ਹੈ ? ਜ਼ਾਲਮ ਹੁਕਮਰਾਨ । ਸਿਰਜਣਾ ਕੌਣ ਕਰਦਾ ਹੈ ? ਮਿਹਨਤਕਸ਼ ਕਾਮੇ, ਕਲਾਕਾਰ, ਸਿਰਜਕ, ਸਾਹਿਤਕਾਰ ਅਤੇ ਸੰਤ ਸਿਪਾਹੀ; ਬੁੱਧੀ-ਸ਼ਕਤੀ ਵੰਡਣ ਵਾਲੇ । ਆਓ, ਸਕਾਰਾਤਮਿਕ ਅੱਗ ਦੀ ਉਤਪਤੀ ਲੋਕ-ਮਾਨਸ ਵਿੱਚ ਕਰੀਏ । ਹਨੇਰੇ ਖ਼ਤਮ ਕਰੀਏ । ਜਾਗੋ ਵੰਡੀਏ । ਪਸ਼ੂਆਂ ਦੀ ਅਕਲ ਵਾਲੇ ਲੋਕਾਂ ਅੰਦਰ ਮਨੁੱਖ ਬਣਨ ਦੀ ਬੁੱਧੀ ਭਰੀਏ । ਇਹੋ ਕਮਾਲ ਦੀ ਕਰਾਮਾਤ ਹੈ ਕਿ ਲੋਕ ਸਦਭਾਵਨਾ ਅੰਦਰ ਆਪਣੇ ਅੰਦਰ ਸਿਰਜਣਾਤਮਿਕ ਅੱਗ ਪੈਦਾ ਕਰਨ ਅਤੇ ਖ਼ੁਸ਼ੀ ਦੇ ਦੀਵੇ ਜਗਾਉਣ । 3+1=4



www.a2zpapers.com

www.a2zpapers.com



5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ **ਇੱਕ** ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| (i) | (ii) |
|---|---|
| ਢਿੱਲਾ | ਰਿਸ਼ਟ-ਪੁਸ਼ਟ |
| ਡਿਓਢੀ | ਤਿੱਕੜੀ |
| ਠਠਿਆਰ | ਰੋਜ਼ਨਾਮਚਾ |
| ਟਿਕਣਾ | ਦਰੁਸਤ |
| ਡੰਗਰ | ਹਥੌੜਾ |
| ਕਾਇਰ | ਬਜ਼ੁਰਗ |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ **ਤਿੰਨ** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(i) ਮਿਹਨਤੀ ਆਦਮੀ ਹਮੇਸ਼ਾਂ ਸਫ਼ਲਤਾ ਪ੍ਰਾਪਤ ਕਰਦਾ ਹੈ । (ਮਿਸ਼ਰਤ-ਵਾਕ)

(ii) ਜਦੋਂ ਮੈਂ ਸਕੂਲ ਪਹੁੰਚਿਆ ਤਾਂ ਘੰਟੀ ਵੱਜ ਗਈ । (ਸੰਜੁਗਤ-ਵਾਕ)

(iii) ਅੱਗੇ ਵਧੋ ਅਤੇ ਵੈਰੀ ਦੇ ਦੰਦ ਖੱਟੇ ਕਰੋ । (ਸਧਾਰਨ-ਵਾਕ)

(iv) ਉਹ ਕਦੇ ਝੂਠ ਨਹੀਂ ਬੋਲਦਾ । (ਹਾਂ-ਵਾਚਕ-ਵਾਕ)

(v) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ । (ਵਿਸਮੈ-ਵਾਚਕ-ਵਾਕ)

1×3=3

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ **ਚਾਰ** ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਉੱਖਲ਼ੀ ਵਿੱਚ ਸਿਰ ਦਿੱਤਾ ਤਾਂ ਮੋਹਲ਼ਿਆਂ ਦਾ ਕੀ ਡਰ

(ਅ) ਅੱਗੇ ਸੱਪ ਤੇ ਪਿੱਛੇ ਸ਼ੀਂਹ

(ੲ) ਇੱਕ ਚੁੱਪ ਤੇ ਸੌ ਸੁੱਖ

(ਸ) ਕੋਹ ਨਾ ਚੱਲੀ ਬਾਬਾ ਤਿਹਾਈ

(ਹ) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(ਕ) ਤੌੜੀ ਉੱਬਲ਼ੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ

(ਖ) ਵੇਲ਼ੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ । 1×4=4

8. ਕਿਸੇ **ਇੱਕ** ਕਵਿਤਾ ਦਾ ਕੇਂਦਰੀ-ਭਾਵ ਲਿਖੋ :

(ੳ) ਪੁਰਾਣੇ ਪੰਜਾਬ ਨੂੰ ਅਵਾਜ਼ਾਂ (ਪ੍ਰੋ. ਪੂਰਨ ਸਿੰਘ)

(ਅ) ਚੁੰਮ-ਚੁੰਮ ਰੱਖੋ (ਨੰਦ ਲਾਲ ਨੂਰਪੁਰੀ)

(ੲ) ਐਵੇਂ ਨਾ ਬੁੱਤਾਂ 'ਤੇ ਡੋਲੀ ਜਾ ਪਾਣੀ (ਸੁਰਜੀਤ ਪਾਤਰ) 4

9. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਆਪਣਾ ਦੇਸ (ਸੰਤੋਖ ਸਿੰਘ ਧੀਰ)

(ਅ) ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ) । 7



www.a2zpapers.com